I/538912/2023 ਨੰ.PERS-PP-1015/8/2023-2PP1/538912

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ-1 ਸਾਖਾ)

ਮਿਤੀ, ਚੰਡੀਗੜ੍ਹ 05-04-2023

ਸੇਵਾ ਵਿੱਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰਜ਼ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ, ਪੰਜਾਬ।

**ਵਿਸ਼ਾ:- ਗਰੁੱਪ ਏ.,ਬੀ.,ਸੀ. ਅਤੇ ਡੀ ਦੇ ਅਧਿਕਾਰੀਆਂ/ ਕਰਮਚਾਰੀਆਂ ਦੀ ਸਾਲਾਨਾ ਏ.ਪੀ.ਏ.ਆਰ ਦੀ ਸਮੇਂ ਸਾਰਣੀ (ਰਿਪੋਰਟਕਰਤਾ/ ਰਿਵਿਊਕਰਤਾ/ ਪ੍ਰਵਾਨਕਰਤਾ ਅਥਾਰਟੀ ਸਮੇਤ ਸੈਲਫ਼ ਅਪ੍ਰੇਜ਼ਲ ਭਰਨ) ਦਾ ਨਵਾਂ Standard ਸਮਾਂ ਨਿਸ਼ਚਿਤ ਕਰਨ ਸਬੰਧੀ।**

*******

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 15/27/2008-2ਪੀ.ਪੀ.1(ਪ.ਫ.1)/204, ਮਿਤੀ 18.04.2022 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਸਮੂਹ ਪੱਧਰ ਤੇ ਏ.ਪੀ.ਏ.ਆਰਜ਼ ਲਿਖਣ ਸਬੰਧੀ ਸਮਾਂ ਸਾਰਣੀ ਜਾਰੀ ਕੀਤੀ ਗਈ ਹੈ। ਇਹਨਾ ਹਦਾਇਤਾ ਵਿੱਚ ਹੋਰ ਸਪੱਸਟਤਾ ਪ੍ਰਦਾਨ ਕਰਦੇ ਹੋਏ ਰਾਜ ਦੇ ਸਮੂਹ ਵਿਭਾਗਾਂ ਦੀ ਏ.ਪੀ.ਏ.ਆਰਜ ਲਿਖਣ ਦੀ Standard ਸਮੇਂ ਸਾਰਣੀ ਹੇਠ ਅਨੁਸਾਰ ਜਾਰੀ ਕੀਤੀ ਜਾਂਦੀ ਹੈः-

| ਲੜੀ ਨੰ. | ਏ.ਪੀ.ਏ.ਆਰ ਲਿਖਣ ਦਾ ਪੱਧਰ | ਮਿਤੀ |
|---|---|---|
| 1. | ਏ.ਪੀ.ਏ.ਆਰ. ਭਰਨ ਲਈ ਪੋਰਟਲ ਖੋਲਣ ਦੀ ਮਿਤੀ | 01 ਅਪ੍ਰੈਲ ਤੱਕ |
| 2. | ਕਾਡਰ ਕੰਟਰੋਲਿੰਗ ਅਥਾਰਿਟੀ ਵੱਲੋਂ ਪ੍ਰੋਫਾਰਮਾ ਅਪਲੋਡ/ਏ.ਪੀ.ਏ.ਆਰ. initiate ਕਰਨ ਦੀ ਮਿਤੀ | 10 ਅਪ੍ਰੈਲ ਤੱਕ |
| 3. | ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਏ.ਪੀ.ਏ.ਆਰ. ਭਰਨ ਉਪਰੰਤ ਰਿਪੋਰਟਕਰਤਾ ਅਧਿਕਾਰੀ ਨੂੰ ਭੇਜਣ/ ਡਿਪਟੀ ਕਮਿਸ਼ਨਰ ਨੂੰ ਬਤੌਰ ਰਿਪੋਰਟਕਰਤਾ ਅਧਿਕਾਰੀ ਭੇਜਣ ਦੀ ਮਿਤੀ | 30 ਅਪ੍ਰੈਲ ਤੱਕ |
| 4. | ਡਿਪਟੀ ਕਮਿਸ਼ਨਰ ਵੱਲੋ ਬਤੌਰ ਰਿਪੋਰਟਕਰਤਾ ਅਧਿਕਾਰੀ ਭਾਗ-3 ਉ ਤੇ ਰਿਪੋਰਟ ਦਰਜ ਕਰਨ ਉਪਰੰਤ ਵਿਭਾਗੀ ਰਿਪੋਰਟਕਰਤਾ ਅਧਿਕਾਰੀ ਨੂੰ ਭੇਜਣ ਦੀ ਮਿਤੀ | 30 ਮਈ ਤੱਕ |
| 5. | ਵਿਭਾਗੀ ਰਿਪੋਰਟਕਰਤਾ ਅਧਿਕਾਰੀ ਵੱਲੋਂ ਆਪਣੀ ਰਿਪੋਰਟ ਭਾਗ-3 ਅ ਅਤੇ ਭਾਗ-4 ਮੁਕੰਮਲ ਕਰਨ ਉਪਰੰਤ ਰਿਵਿਊਕਰਤਾ ਅਧਿਕਾਰੀ ਨੂੰ ਭੇਜਣ ਦੀ ਮਿਤੀ | 30 ਜੂਨ ਤੱਕ |

| | | |
|---|---|---|
| 6. | ਰਿਵਿਊਕਰਤਾ ਅਧਿਕਾਰੀ ਵੱਲੋਂ ਰਿਪੋਰਟ ਰਿਵਿਊ ਕਰਨ ਦੀ ਮਿਤੀ | 15 ਅਗਸਤ ਤੱਕ |
| 7. | ਪ੍ਰਵਾਨਕਰਤਾ ਅਧਿਕਾਰੀ ਵੱਲੋਂ ਰਿਪੋਰਟ ਪ੍ਰਵਾਨ ਕਰਨ ਦੀ ਮਿਤੀ | 30 ਸਤੰਬਰ ਤੱਕ |

2 ਉਪਰੋਕਤ ਹਦਾਇਤਾਂ ਸਬੰਧਤਾਂ ਨੂੰ ਨੋਟ ਕਰਵਾ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

ਅਧੀਨ ਸਕੱਤਰ, ਪ੍ਰਸੋਨਲ ਵਿਭਾਗ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: PERS-PP-1015/8/2023-2PP1/ 538912 ਮਿਤੀ, ਚੰਡੀਗੜ੍ਹ: 05-04-2023

ਅੰ:ਵਿ:ਪੱ:ਨੰ: PERS-PP-1015/8/2023-2PP1/538912 ਮਿਤੀ, ਚੰਡੀਗੜ੍ਹ: 05-04-2023

ਉਕਤ ਦਾ ਇੱਕ ਉਤਾਰਾ ਸ਼੍ਰੀ ਮੁਕੇਸ਼ ਰੈਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ